465-20 6

ਪੰਜਾਬ ਸਰਕਾਰ
ਮਾਲ ਅਤੇ ਪੁਨਰਵਾਸ ਵਿਭਾਗ
(ਮੁਰੱਬਾਬੰਦੀ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ,

ਮੀਮੋ ਨੰਬਰ 17/45/10 ਮ.ਬ.5/ 6388-6410
ਚੰਡੀਗੜ੍ਹ, ਮਿਤੀ: 30-5-12

ਵਿਸ਼ਾ: **ਸ਼ਾਮਲਾਟ ਦੇਹ/ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨਾਂ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜ਼ਿਲ੍ਹਾ ਮੋਹਾਲੀ ਦੇ ਕੁਝ ਮਾਲਕਾਂ ਵੱਲੋਂ ਪਿੰਡ ਦੀ ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨ ਦੀ ਅਣ- ਅਧਿਕਾਰਤ ਵਿਕਰੀ ਸਬੰਧੀ ਸਿਵਲ ਰਿਟ ਪਟੀਸ਼ਨ ਨੰਬਰ 1973,3536,3537,3538, 3539 ਆਫ 2010 ਅਤੇ 24018 ਆਫ 2011 ਦੀ ਸੁਣਵਾਈ ਦੌਰਾਨ ਮਿਤੀ 11.5.12 ਨੂੰ ਹੇਠ ਲਿਖੇ ਅੰਤ੍ਰਿਮ ਹੁਕਮ ਪਾਸ ਕੀਤੇ ਹਨ:

"......................................

In the meanwhile, the respondents shall ensure that land belonging to Gram Panchayat , land reserved for common purposes and recorded as "Shamlat Deh" and "Jumla Mushtarka Malkan" are not sold or transferred in any manner.

.........................................".

2. ਇਸ ਤੋਂ ਇਲਾਵਾ ਆਪ ਨੇ ਪੜ੍ਹਿਆ ਹੋਵੇਗਾ ਕਿ ਇੱਕ ਹੋਰ ਕੇਸ ਵਿੱਚ ਮਾਨਯੋਗ ਅਦਾਲਤ ਨੇ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਸ੍ਰੀ ਕੁਲਦੀਪ ਸਿੰਘ ਦੀ ਅਗਵਾਈ ਹੇਠ ਇੱਕ ਟ੍ਰਿਬਿਊਨਲ ਬਣਾਇਆ ਹੈ ਜੋ ਕਿ ਸਰਕਾਰੀ/ਪੰਚਾਇਤੀ/ ਜੁਮਲਾ ਮੁਸ਼ਤਰਕਾ ਮਾਲਕਾਨ ਆਦਿ ਜ਼ਮੀਨਾਂ ਦੀ ਅਣ ਅਧਿਕਾਰਤ ਵੰਡ/ਵਿਕਰੀ ਬਾਰੇ ਪੜਤਾਲ ਕਰੇਗਾ।

3. ਮਾਨਯੋਗ ਅਦਾਲਤ ਦੇ ਆਦੇਸ਼ਾਂ ਦੇ ਸਨਮੁੱਖ ਅਗਲੇ ਹੁਕਮਾਂ ਤੱਕ ਗਰਾਮ ਪੰਚਾਇਤ ਦੀ ਮਲਕੀਅਤ ਦੀਆਂ ਜ਼ਮੀਨਾਂ ਅਤੇ ਸਾਂਝੇ ਕੰਮ ਲਈ ਰਾਖਵੀਆਂ ਕੀਤੀਆਂ ਜ਼ਮੀਨਾਂ, ਜੋ ਰੈਵਿਨਿਊ ਰਿਕਾਰਡ ਵਿੱਚ ਬਤੌਰ 'ਸ਼ਾਮਲਾਟ ਦੇਹ' ਜਾਂ 'ਜੁਮਲਾ ਮੁਸ਼ਤਰਕਾ ਮਾਲਕਾਨ' ਦੇ ਨਾਂ ਹੇਠ ਦਰਜ ਹਨ, ਜਾਂ ਕਿਸੇ ਵੇਲੇ ਦਰਜ ਸਨ, ਦੀ ਵਿਕਰੀ ਜਾਂ ਕਿਸੇ ਪ੍ਰਕਾਰ ਦੀ ਮਲਕੀਅਤ/ਹੱਕ ਦੀ ਤਬਦੀਲੀ ਸਬੰਧੀ ਵਸੀਕਿਆਂ ਨੂੰ ਰਜਿਸਟਰਡ ਨਾ ਕੀਤਾ ਜਾਵੇ। ਜੇਕਰ ਪਹਿਲੇ ਕੋਈ ਅਜਿਹੇ ਵਸੀਕੇ ਰਜਿਸਟਰਡ ਹੋਏ ਹਨ ਤਾਂ ਉਨ੍ਹਾਂ ਦੇ ਇੰਤਕਾਲ ਨਾ ਕੀਤੇ ਜਾਣ।

ਉਪਰੋਕਤ ਹਦਾਇਤਾਂ ਨੂੰ ਤੁਰੰਤ ਆਪ ਦੇ ਕੰਟਰੋਲ ਅਧੀਨ ਸਬੰਧਤ ਅਧਿਕਾਰੀਆਂ ਦੇ ਨੋਟਿਸ ਵਿੱਚ ਸਖਤ ਪਾਲਣਾ ਲਈ ਲਿਆਂਦਾ ਜਾਵੇ।

(ਐਨ.ਐਸ.ਕੰਗ)
ਵਿੱਤੀ ਕਮਿਸ਼ਨਰ ਮਾਲ